**ਪ੍ਰੈਸ ਨੋਟ** **ਮਿਤੀ 09.06.2022**

## ਪਟਿਆਲਾ ਪੁਲਿਸ ਵੱਲੋਂ ਵੱਖ-ਵੱਖ ਇਰਾਦਾ ਕਤਲ ਕੇਸਾਂ ਵਿੱਚ ਲੋੜੀਦੇ 2 ਵਿਅਕਤੀ ਹਥਿਆਰਾਂ ਸਮੇਤ ਕਾਬੂ

**ਇਕ ਪਿਸਟਲ 9 ਐਮ.ਐਮ ਅਤੇ ਇਕ ਰਿਵਾਲਵਰ 32 ਬੋਰ ਬਰਾਮਦ**

**ਰਿਵਾਲਵਰ ਚੋਰੀ ਕਰਨ ਵਾਲੇ ਇੰਨ੍ਹਾ ਦੇ 2 ਹੋਰ ਸਾਥੀ ਗ੍ਰਿਫਤਾਰ**

**ਸ੍ਰੀ ਦੀਪਕ ਪਾਰੀਕ,ਆਈ.ਪੀ.ਐਸ, ਸੀਨੀਅਰ ਕਪਤਾਨ ਪੁਲਿਸ ਪਟਿਆਲਾ** ਨੇ ਪ੍ਰੈਸ ਕਾਨਫਰੰਸ ਰਾਹੀਂ ਦੱਸਿਆ ਕਿ ਪਟਿਆਲਾ ਪੁਲਿਸ ਨੂੰ ਅਪਰਾਧਿਕ ਵਿਅਕੀਤਆਨ ਵਿਰੁੱਧ ਚਲਾਈ ਗਈ ਖਾਸ ਮੁਹਿੰਤ ਤਹਿਤ ਉਸ ਸਮੇਂ ਕਮਯਾਬੀ ਮਿਲੀ ਜਦੋਂ ਡਾ: ਮਹਿਤਾਬ ਸਿੰਘ, ਆਈ.ਪੀ.ਐਸ, ਕਪਤਾਨ ਪੁਲਿਸ ਇੰਨਵੈਸਟੀਗੇਸ਼ਨ ਪਟਿਆਲਾ ਅਤੇ ਸ੍ਰੀ ਅਜੈਪਾਲ ਸਿੰਘ, ਪੀ.ਪੀ.ਐਸ,ਉਪ ਕਪਤਾਨ ਪੁਲਿਸ, ਡਿਟੈਕਟਿਵ ਪਟਿਆਲਾ ਦੀ ਨਿਗਰਾਨੀ ਹੇਠ ਇੰਸਪੈਕਟਰ ਸ਼ਮਿੰਦਰ ਸਿੰਘ ਇੰਚਾਰਜ ਸੀ.ਆਈ.ਏ ਸਟਾਫ ਪਟਿਆਲਾ ਸਮੇਤ ਪੁਲਿਸ ਪਾਰਟੀ ਨੇ ਪਟਿਆਲਾ ਤੇ ਚੰਡੀਗੜ੍ਹ ਦੇ ਵੱਖ ਵੱਖ 2 ਇਰਾਦਾ ਕਤਲ ਕੇਸ ਵਿੱਚ ਭਗੋੜੇ ਚਲੇ ਆ ਰਹੇ **ਸੁਖਜਿੰਦਰ ਸਿੰਘ ਉਰਫ ਹਰਮਨ ਉਰਫ ਪੋਲੋ** ਪੁੱਤਰ ਬਲਵੀਰ ਸਿੰਘ ਵਾਸੀ ਭੀਲਵਾਲ ਥਾਣਾ ਸਦਰ ਨਾਭਾ ਹਾਲ ਅਬਾਦ ਗਲੀ ਨੰਬਰ 04 ਕਰਤਾਰ ਕਲੋਨੀ ਨੇੜੇ ਮਿਲਟਰੀ ਏਰੀਆਂ ਨਾਭਾ ਥਾਣਾ ਸਦਰ ਨਾਭਾ ਜਿਲ੍ਹਾ ਪਟਿਆਲਾ ਅਤੇ **ਗਗਨਦੀਪ ਸਿੰਘ ਉਰਫ ਤੇਜਾ** ਪੁੱਤਰ ਦਰਸਨ ਸਿੰਘ ਵਾਸੀ ਪਿੰਡ ਅਜਨੋਦਾ ਕਲਾਂ ਥਾਣਾ ਭਾਦਸੋਂ ਜਿਲ੍ਹਾ ਪਟਿਆਲਾ ਨੂੰ ਗ੍ਰਿਫਤਾਰ ਕਰਕੇ ਇੰਨ੍ਹਾ ਪਾਸੋਂ ਇਕ ਪਿਸਟਲ 9 ਐਮ.ਐਮ ਸਮੇਤ 4 ਰੌਂਦ ਜਿੰਦਾ, ਅਤੇ ਇਕ ਰਿਵਾਲਵਰ 32 ਬੋਰ ਸਮੇਤ 6 ਰੋਦ ਜਿੰਦਾ ਬਰਾਮਦ ਕਰਨ ਦੀ ਸਫਲਤਾ ਹਾਸਲ ਕੀਤੀ ਹੈ।

ਇੰਨ੍ਹਾ ਦੇ ਦੋ ਹੋਰ ਸਾਥੀ **ਸਿਵਦਿਆਲ ਉਰਫ ਕਾਕਾ** ਪੁੱਤਰ ਗੁਰਦਰਸਨ ਸਿੰਘ ਵਾਸੀ ਵਾਸੀ ਅਰਜਨ ਕਲੋਨੀ ਥਾਣਾ ਸਦਰ ਨਾਭਾ ਜਿਲ੍ਹਾ ਪਟਿਆਲਾ ਅਤੇ **ਮਨਜੀਤ ਸਿੰਘ** ਪੁੱਤਰ ਅਵਤਾਰ ਸਿੰਘ ਵਾਸੀ ਮਾਂਗੇਵਾਲ ਥਾਣਾ ਭਾਦਸੋਂ ਜਿਲ੍ਹਾ ਪਟਿਆਲਾ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਹੈ, ਜਿੰਨ੍ਹਾ ਨੇ ਉਕਤ ਸੁਖਜਿੰਦਰ ਸਿੰਘ ਉਰਫ ਤੇਜਾ ਤੇ ਗਗਨਦੀਪ ਸਿੰਘ ਉਰਫ ਤੇਜਾ ਨੂੰ ਰਿਵਾਲਵਰ 32 ਬੋਰ ਚੋਰੀ ਕਰਕੇ ਦਿੱਤਾ ਸੀ।

ਜਿੰਨ੍ਹਾ ਨੇ ਅੱਗੇ ਦੱਸਿਆ ਕਿ ਸ:ਥ:ਬਲਜੀਤ ਸਿੰਘ ਵੱਲੋ ਸਮੇਤ ਪੁਲਿਸ ਪਾਰਟੀ ਸੀ.ਆਈ.ਏ.ਪਟਿਆਲਾ ਗੁਪਤ ਸੂਚਨਾ ਦੇ ਅਧਾਰ ਤੇ **ਸੁਖਜਿੰਦਰ ਸਿੰਘ ਉਰਫ ਹਰਮਨ ਉਕਤ ਅਤੇ ਗਗਨਦੀਪ ਸਿੰਘ ਉਰਫ ਤੇਜਾ** ਉਕਤ ਜਿੰਨ੍ਹਾ ਦੇ ਖਿਲਾਫ ਪਹਿਲਾ ਵੀ ਸੰਗੀਨ ਜੁਰਮਾਂ ਦੇ ਮੁਕੱਦਮੇ ਦਰਜ ਹਨ ਜੋ ਕਿ ਕਈ ਮੁਕੱਦਮਿਆਂ ਵਿੱਚ ਭਗੋੜੇ ਹਨ ਜਿੰਨ੍ਹਾ ਪਾਸ ਨਜਾਇਜ ਹਥਿਆਰ ਪਿਸਟਲ, ਰਿਵਾਲਵਰ ਹੋਣ ਤੇ ਇੰਨ੍ਹਾ ਦੇ ਖਿਲਾਫ **ਮੁਕੱਦਮਾ ਨੰਬਰ 35 ਮਿਤੀ 06.06.2022 ਅ/ਧ 25 ਅਸਲਾ ਐਕਟ ਵਾਧਾ ਜੁਰਮ 411,489 ਹਿੰ:ਦਿੰ: ਥਾਣਾ ਬਖਸੀਵਾਲਾ** ਦਰਜ ਕੀਤਾ ਗਿਆ।

**ਗ੍ਰਿਫਤਾਰੀ ਅਤੇ ਬਰਾਮਦਗੀ :-** ਦੋਸੀਆਨ ਬਾਰੇ ਜਾਣਕਾਰੀ ਦਿੰਦੇ ਦੱਸਿਆ ਕਿ ਦੋਵੇ ਉਕਤਾਨ ਦੋਸੀਆਨ ਨੂੰ ਮਿਤੀ 07.06.2022 ਨੂੰ ਪਟਿਆਲਾ ਪੁਲਿਸ ਵੱਲੋ ਨਾਭਾ ਰੋਡ ਪਿੰਡ ਰੋਣੀ ਨੇੜੇ ਰਾਧਾ ਸੁਆਮੀ ਸਤਿਸੰਗ ਤੋ ਗ੍ਰਿਫਤਾਰ ਕੀਤਾ ਗਿਆ।ਸੁਖਜਿੰਦਰ ਸਿੰਘ ਉਰਫ ਹਰਮਨ ਉਰਫ ਪੋਲੋ ਦੀ ਤਲਾਸੀ ਦੋਰਾਨ ਇਕ ਪਿਸਟਲ 9 ਐਮ.ਐਮ. ਸਮੇਤ 4 ਰੌਦ ਜਿੰਦਾ ਅਤੇ ਗਗਨਦੀਪ ਸਿੰਘ ਉਰਫ ਤੇਜਾ ਦੀ ਤਲਾਸੀ ਦੋਰਾਨ ਇਸ ਪਾਸੋਂ ਇਕ ਰਿਵਾਲਵਰ 32 ਬੋਰ (ਜਿਸਦਾ ਗਰੇਡ ਕੀਤਾ ਹੋਇਆ ਹੈ) ਸਮੇਤ 6 ਰੋਦ ਜਿੰਦਾ ਬਰਾਮਦ ਹੋਇਆ ਹੈ।

ਜਿੰਨ੍ਹਾਂ ਦੀ ਮੁਢਲੀ ਪੁੱਛਗਿੱਛ ਤੋ ਇਹ ਖੁਲਾਸਾ ਹੋਇਆ ਹੈ ਕਿ ਇਨ੍ਹਾਂ ਪਾਸੋ ਬ੍ਰਾਮਦ ਹੋਇਆ ਰਿਵਾਲਰ ਨਾਭਾ ਤੋ ਸਾਲ 2019 ਵਿੱਚ ਚੋਰੀ ਕੀਤਾ ਗਿਆ ਸੀ ਜਿਸ ਸਬੰਧੀ ਮੁਕੱਦਮਾ ਨੰਬਰ **205/2019 ਅ/ਧ 380 ਹਿੰ:ਦੰ: ਥਾਣਾ ਸਦਰ ਨਾਭਾ** ਦਰਜ ਹੈ।ਜੋ ਇਹ ਰਿਵਾਲਰ ਚੋਰੀ ਕਰਨ ਵਿੱਚ ਸਾਮਲ ਦੋ ਹੋਰ ਦੋਸੀਆਨ ਨੂੰ ਜੁਰਮ ਦਾ ਵਾਧਾ ਕਰਕੇ ਵੀ ਗ੍ਰਿਫਤਾਰ ਕਰ ਲਿਆ ਗਿਆ ਹੈ। ਜਿੰਨ੍ਹਾਂ ਦੇ ਨਾਮ ਸਿਵਦਿਆਲ ਉਰਫ ਕਾਕਾ ਪੁੱਤਰ ਗੁਰਦਰਸਨ ਸਿੰਘ ਵਾਸੀ ਅਰਜਨ ਕਲੋਨੀ ਥਾਣਾ ਸਦਰ ਨਾਭਾ ਅਤੇ ਮਨਜੀਤ ਸਿੰਘ ਪੁੱਤਰ ਅਵਤਾਰ ਸਿੰਘ ਵਾਸੀ ਮਾਂਗੇਵਾਲ ਥਾਣਾ ਭਾਦਸੋਂ ਜਿਲ੍ਹਾ ਪਟਿਆਲਾ ਹਨ।

ਅੱਗੇ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਦਾ ਅਪਰਾਧਿਕ ਪਿਛੋਕੜ ਹੈ ਜਿਸ ਵਿੱਚ ਸੁਖਜਿੰਦਰ ਸਿੰਘ ਉਰਫ ਹਰਮਨ ਉਰਫ ਪੋਲੋ ਉਕਤ ਦੇ ਖਿਲਾਫ 2 ਇਰਾਦਾ ਕਤਲ ਅਤੇ ਇਕ ਲੜਾਈ ਝਗੜਾ ਸਬੰਧੀ ਕੁਲ 3 ਮੁਕੱਦਮੇ ਦਰਜ ਹਨ ਅਤੇ ਗਗਨਦੀਪ ਸਿੰਘ ਉਰਫ ਤੇਜਾ ਖਿਲਾਫ ਵੀ 3 ਇਰਾਦਾ ਕਤਲ ਦੇ ਮੁਕੱਦਮੇ ਦਰਜ ਹਨ ।ਇਹ ਦੋਵੇ ਵੱਖ ਵੱਖ ਇਰਾਦਾ ਕਤਲ ਕੇਸਾਂ ਵਿੱਚ ਕਾਫੀ ਸਮੇਂ ਤੋ ਭਗੋੜੇ ਚਲੇ ਆ ਰਹੇਂ ਸੀ।ਸੁਖਜਿੰਦਰ ਸਿੰਘ ਉਰਫ ਹਰਮਨ ਸਿੰਘ ਉਰਫ ਪੋਲੋ ਅਤੇ ਗਗਨਦੀਪ ਸਿੰਘ ਉਰਫ ਤੇਜਾ ਉਕਤ ਨੂੰ ਪੇਸ ਅਦਾਲਤ ਕਰਕੇ ਮਿਤੀ 10.06.2022 ਤੱਕ ਪੁਲਿਸ ਰਿਮਾਡ ਹਾਸਲ ਕੀਤਾ ਗਿਆ ਹੈ।ਸਿਵਦਿਆਲ ਉਰਫ ਕਾਕਾ ਅਤੇ ਮਨਜੀਤ ਸਿੰਘ ਉਕਤ ਨੂੰ ਅੱਜ ਪੇਸ ਅਦਾਲਤ ਕਰਕੇ ਪੁਲਿਸ ਰਿਮਾਡ ਹਾਸਲ ਕਰਕੇ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ।

### ਗ੍ਰਿਫਤਾਰ ਦੋਸੀਆਨ ਬਾਰੇ ਜਾਣਕਾਰੀ

| ਦੋਸੀ ਦਾ ਨਾਮ ਪਤਾ | ਪਹਿਲਾ ਦਰਜ ਮੁਕੱਦਮੇ | ਗ੍ਰਿਫਤਾਰੀ ਤੇ ਬਰਾਮਦਗੀ |
|---|---|---|
| ਸੁਖਜਿੰਦਰ ਸਿੰਘ ਉਰਫ ਹਰਮਨ ਉਰਫ ਪੋਲੋ ਵਾਸੀ ਭੀਲਵਾਲ ਥਾਣਾ ਸਦਰ ਨਾਭਾ ਹਾਲ ਅਬਾਦ ਗਲੀ ਨੰਬਰ 04 ਕਰਤਾਰ ਕਲੋਨੀ ਨੇੜੇ ਮਿਲਟਰੀ ਏਰੀਆਂ ਨਾਭਾ ਥਾਣਾ ਸਦਰ ਨਾਭਾ ਜਿਲ੍ਹਾ ਪਟਿਆਲਾ।<br>**ਉਮਰ :** 20 ਸਾਲ<br>**ਪੜਾਈ :** 10+2 ਪਾਸ<br>**ਕਿੱਤਾ :** ਡਰਾਇਵਰੀ ਕਰਦਾ ਹੈ | 1) ਮ:ਨੰ: 15 ਮਿਤੀ 25.01.21 ਅ/ਧ 324,323,341,506,148,149 ਹਿੰ;ਦਿੰ: ਥਾਣਾ ਕੋਤਵਾਲੀ ਨਾਭਾ।<br>2) ਮ:ਨੰ: 182 ਮਿਤੀ 21.07.2021 ਅ/ਧ 307,323,506,148,149 ਹਿੰ:ਦਿੰ: 25 ਅਸਲਾ ਐਕਟ ਥਾਣਾ ਕੋਤਵਾਲੀ ਨਾਭਾ<br>3) ਮ:ਨੰ: 294 ਮਿਤੀ 29.11.2021 ਅ/ਧ 307,34 ਹਿੰ:ਦਿੰ: 25 ਅਸਲਾ ਐਕਟ ਥਾਣਾ ਸਦਰ ਨਾਭਾ । | ਗ੍ਰਿਫਤਾਰੀ ਮਿਤੀ 07.06.2022 ਨੂੰ ਪਿੰਡ ਰੋਣੀ ਨਾਭਾ ਰੋਡ ਨੇੜੇ ਰਾਧਾ ਸੁਆਮੀ ਸਤਿਸੰਗ ਘਰ ਤੋ ਗ੍ਰਿਫਤਾਰ ਕੀਤਾ ਗਿਆ ।<br><br>ਬਰਾਮਦਗੀ : ਇਕ ਪਿਸਟਲ 9 ਐਮ.ਐਮ ਸਮੇਤ 4 ਰੋਦ ਜਿੰਦਾ |
| ਗਗਨਦੀਪ ਸਿੰਘ ਉਰਫ ਤੇਜਾ ਵਾਸੀ ਪਿੰਡ ਅਜਨੋਦਾ ਕਲਾਂ ਥਾਣਾ ਭਾਦਸੋਂ ਜਿਲ੍ਹਾ ਪਟਿਆਲਾ।<br>**ਉਮਰ : 25 ਸਾਲ**<br>**ਪੜਾਈ : 10+2 ਪਾਸ**<br>**ਕਿੱਤਾ : ਰੇਡੀਮੇਡ ਕੱਪੜੇ ਦੀ ਸੇਲ ਕਰਦਾ ਹੈ** | 1) ਮ:ਨੰ: 182 ਮਿਤੀ 21.07.2021 ਅ/ਧ 307,323,506,148,149 ਹਿੰ:ਦਿੰ: 25 ਅਸਲਾ ਐਕਟ ਥਾਣਾ ਕੋਤਵਾਲੀ ਨਾਭਾ ।<br>2) ਮ:ਨੰ: 294 ਮਿਤੀ 29.11.2021 ਅ/ਧ 307,34 ਹਿੰ:ਦਿੰ: 25 ਅਸਲਾ ਐਕਟ ਥਾਣਾ ਸਦਰ ਨਾਭਾ<br>3) ਮ:ਨੰ: 03 ਮਿਤੀ 14.01.2022 ਅ/ਧ 307,323,326,506,34 ਹਿੰ:ਦਿੰ: 25,27/54/59 ਅਸਲਾ ਐਕਟ ਥਾਣਾ ਮਲੋਆ ਯੂ.ਟੀ.ਚੰਡੀਗੜ੍ਹ। | ਗ੍ਰਿਫਤਾਰੀ ਮਿਤੀ 07.06.2022 ਨੂੰ ਪਿੰਡ ਰੋਣੀ ਨਾਭਾ ਰੋਡ ਨੇੜੇ ਰਾਧਾ ਸੁਆਮੀ ਸਤਿਸੰਗ ਘਰ ਤੋ ਗ੍ਰਿਫਤਾਰ ਕੀਤਾ ਗਿਆ ।<br><br>ਬਰਾਮਦਗੀ :ਇਕ ਰਿਵਾਲਵਰ 32 ਬੋਰ ਸਮੇਤ 06 ਰੋਦ ਜਿੰਦਾ |
| ਸਿਵਦਿਆਲ ਉਰਫ ਕਾਕਾ ਪੁੱਤਰ ਗੁਰਦਰਸਨ ਸਿੰਘ ਵਾਸੀ ਵਾਸੀ ਅਰਜਨ ਕਲੋਨੀ ਥਾਣਾ ਸਦਰ ਨਾਭਾ ਜਿਲ੍ਹਾ ਪਟਿਆਲਾ।<br>**ਉਮਰ : 21 ਸਾਲ**<br>**ਪੜਾਈ: ਬੀ.ਟੇਕ(ਬਾਬਾ ਬੰਦਾ ਬਹਾਦਰ ਕਾਲਜ ਫ:ਗ:ਸ)**<br>**ਕਿੱਤਾ: ਪੜਾਈ ਕਰਦਾ ਹੈ** | 1) ਮ;ਨੰ: 205 ਮਿਤੀ 03/11/2019 ਅ/ਧ 379 ਹਿੰ:ਦਿੰ: ਥਾਣਾ ਸਦਰ ਨਾਭਾ । | ਗ੍ਰਿਫਤਾਰੀ ਮਿਤੀ 08.06.2022 ਨੂੰ ਮਾਗੇਵਾਲ ਰੋਡ ਤੋ ਗ੍ਰਿਫਤਾਰ ਕੀਤਾ । |
| ਮਨਜੀਤ ਸਿੰਘ ਪੁੱਤਰ ਅਵਤਾਰ ਸਿੰਘ ਵਾਸੀ ਮਾਂਗੇਵਾਲ ਥਾਣਾ ਭਾਦਸੋਂ ਜਿਲ੍ਹਾ ਪਟਿਆਲਾ।<br>**ਉਮਰ : 25 ਸਾਲ**<br>**ਪੜਾਈ : 10 ਪਾਸ**<br>**ਕਿੱਤਾ : ਸਟੀਲ ਦੀਆਂ ਚੌਗਾਠਾ ਦਾ ਕੰਮ ਕਰਦਾ ਹੈ** | 1) ਮ;ਨੰ: 205 ਮਿਤੀ 03/11/2019 ਅ/ਧ 379 ਹਿੰ:ਦਿੰ: ਥਾਣਾ ਸਦਰ ਨਾਭਾ । | ਗ੍ਰਿਫਤਾਰੀ ਮਿਤੀ 08.06.2022 ਨੂੰ ਮਾਗੇਵਾਲ ਰੋਡ ਤੋ ਗ੍ਰਿਫਤਾਰ ਕੀਤਾ । |